# ॥ ਪੁਸਤਕ ਸੂਚੀ ॥

**ਭੂਮਿਕਾ** => 'ਪੁਸਤਕ ਸੂਚੀ' ਅੰਗਰੇਜ਼ੀ ਪਦ 'ਬਿਬਲੀਓਗ੍ਰਾਫੀ' ਦਾ ਪੰਜਾਬੀ ਵਿੱਚ ਉਲਥਾ ਹੈ। ਖੋਜ ਦੇ ਸੰਦਰਭ ਵਿੱਚ 'ਬਿਬਲੀਓਗ੍ਰਾਫੀ' ਦਾ ਸਾਧਾਰਨ ਅਰਥ ਖੋਜ ਲਈ ਵਰਤੀ ਗਈ ਪੁਸਤਕਾਂ ਦੀ ਸੂਚੀ ਹੈ। ਇਸ ਲਈ ਛਪੀਆਂ ਤੇ ਅਣਛਪੀਆਂ ਸਭ ਤਰ੍ਹਾਂ ਦੀਆਂ ਪੁਸਤਕਾਂ ਸ਼ਾਮਲ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਤੋਂ ਬਿਨਾਂ, ਹਰ ਉਹ ਪਦਾਰਥ ਜਿਸ ਤੇ ਖੋਜ ਲਈ ਸੂਚਨਾ ਪ੍ਰਾਪਤ ਕਰਨ ਦਾ ਸਰੋਤ ਬਣਾਇਆ ਹੁੰਦਾ ਹੈ, ਉਹ ਵੀ ਪੁਸਤਕ ਸੂਚੀ ਦਾ ਅੰਗ ਮੰਨਿਆ ਜਾਂਦਾ ਹੈ। ਇਹ ਪਦਾਰਥ ਰਿਕਾਰਡਿੰਗ ਟੇਪ ਦੀ ਸੂਰਤ ਵਿੱਚ ਹੋ ਸਕਦਾ ਹੈ, ਮਾਈਕ੍ਰੋਫਿਲਮ ਦੀ ਸੂਰਤ ਵਿੱਚ ਹੋ ਸਕਦਾ ਹੈ, ਤੇ ਮਾਈਕ੍ਰੋਫੀਸ਼ ਜਾਂ ਹੋਰ ਕਿਸੇ ਰੂਪ ਵਿੱਚ ਵੀ ਹੋ ਸਕਦਾ ਹੈ। ਇਹ ਪੁਸਤਕ ਸੂਚੀ ਦਾ ਬਹੁਤ ਜ਼ਰੂਰੀ ਅੰਗ ਹੋਵੇਗਾ ਜੋ ਇਹ ਸੂਚਨਾ ਦੇਂਦਾ ਖੋਜ ਲਈ ਕੋਈ ਠੋਸ ਅੱਖਾਂ ਦੇ ਸਾਹਮਣੇ ਲਿਆਉਂਦਾ ਹੈ ਤੇ ਸਥਾਪਨਾਵਾਂ ਕਾਇਮ ਕਰਨ ਵਿੱਚ ਸਹਾਇਕ ਸਿੱਧ ਹੁੰਦਾ ਹੈ। ਇੰਜ, ਪੁਸਤਕ ਸੂਚੀ, ਅੱਜ ਸ੍ਰੋਤ ਸੂਚੀ ਦੇ ਤੁੱਲ ਹੋ ਗਈ ਦਿਸਦੀ ਹੈ।

**ਪੁਸਤਕ ਸੂਚੀ ਦੀ ਤਿਆਰੀ** => ਪੁਸਤਕ ਸੂਚੀ ਦੇ ਦੋ ਪੜਾਵਾਂ ਉੱਤੇ ਤਿਆਰ ਕੀਤੇ ਜਾਣ ਦੀ ਗੱਲ ਖੋਜ, ਸੋਧ ਤੇ ਜੁਗਤਾਂ ਵਿੱਚ ਹੋ ਚੁੱਕੀ ਹੈ। ਪਹਿਲੇ ਪੜਾਅ ਉੱਤੇ ਪੁਸਤਕ ਸੂਚੀ ਸਿਨਾਪਸਿਸ ਦੇ ਨਾਲ ਤਿਆਰ ਕੀਤੀ ਜਾਂਦੀ ਹੈ ਤੇ ਦੂਜੇ ਪੜਾਅ ਉੱਤੇ ਖੋਜ। ਸੋਧ ਪ੍ਰਬੰਧ ਮੁਕੰਮਲ ਕੀਤੇ ਜਾਣ ਸਮੇਂ। ਪਹਿਲੀ ਨੂੰ ਆਰਜ਼ੀ ਸੂਚੀ ਜਾਂ ਕਾਰਜ-ਸਾਧਕ ਪੁਸਤਕ ਸੂਚੀ ਕਹਿਣਾ ਪਸੰਦ ਕੀਤਾ ਸੀ ਤੇ ਦੂਜੀ ਨੂੰ ਅੰਤਿਮ ਜਾਂ ਪੱਕੀ। ਤਾਂ ਵੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਪੁਸਤਕ ਸੂਚੀ ਦੀ ਤਿਆਰੀ ਦਾ ਕੰਮ ਸ਼ੁਰੂਆਤ ਵਿੱਚੋਂ ਨਾਲ ਨਾਲ ਚਲਦਾ ਰਹਿੰਦਾ ਹੈ। ਜਿਵੇਂ ਜਿਵੇਂ ਕੋਈ ਨਵੀਂ ਪੁਸਤਕ ਅੱਖਾਂ ਸਾਹਮਣੇ ਆਉਂਦੀ ਤੇ ਪੜ੍ਹੀ ਜਾਂਦੀ ਹੈ, ਉਵੇਂ ਹੀ ਉਸ ਦਾ ਇੰਦਰਾਜ ਕਾਰਡ ਤਿਆਰ ਕਰਕੇ ਸੂਚੀ ਦੇ ਕਾਰਡਾਂ ਵਿੱਚ ਸ਼ਾਮਲ ਕਰ ਲਿਆ ਜਾਂਦਾ ਹੈ। ਇੰਜ ਕਾਰਡਾਂ ਦੇ ਰੂਪ ਵਿੱਚ ਪੁਸਤਕ ਸੂਚੀ ਨਾਲ ਨਾਲ ਤਿਆਰ ਹੁੰਦੀ ਰਹਿੰਦੀ ਹੈ। ਅੰਤਿਮ ਪੁਸਤਕ ਸੂਚੀ ਨੂੰ ਤਿਆਰ ਕਰਨ ਲਈ ਕਾਰਡਾਂ ਨੂੰ ਕੇਵਲ ਇੱਕ ਵਿਸ਼ੇਸ਼ ਢੰਗ ਵਿੱਚ ਤਰਤੀਬ ਦੇ ਕੇ ਟਾਈਪ ਹੀ ਕਰਵਾਉਣਾ ਹੁੰਦਾ ਹੈ। ਇਥੇ ਸਾਨੂੰ ਪੁਸਤਕ ਸੂਚੀ ਦੇ ਪ੍ਰਕਾਰ ਤੇ ਕਾਰਡ ਰੂਪੀ ਪੁਸਤਕ ਸੂਚੀ ਨੂੰ ਤਿਆਰ ਕਰਨ ਵਿੱਚ ਉੱਠਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਸਮਾਧਾਨ ਬਾਰੇ

ਵੱਲ ਤੋਰਦਾ ਹੈ।

**ਮਨੋਰਥ ਤੇ ਪ੍ਰਕਾਰਜ** => ਖੋਜ ਜਗਤ ਦੀ ਇਕ ਮੰਗ ਇਹ ਹੁੰਦੀ ਹੈ ਕਿ ਖੋਜਕਾਰ ਆਪਣੇ ਤੱਥਾਂ ਤੇ ਸਥਾਪਨਾਵਾਂ ਨੂੰ ਪ੍ਰਮਾਣਿਕ ਰੂਪ ਵਿੱਚ ਪੇਸ਼ ਕਰੇ। ਇਹ ਚੀਜ਼ ਵਰਤੀ ਗਈ ਸੂਚਨਾ ਦੇ ਸ੍ਰੋਤ ਪ੍ਰਗਟ ਕਰਨ ਦੀ ਆਵੱਸ਼ਕਤਾ ਵੱਲ ਸੰਕੇਤ ਕਰਦੀ ਹੈ। ਅਜਿਹਾ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਲੋੜੀਂਦੀ ਸੂਚਨਾ ਸਾਡੇ ਕੋਲ ਕਿਸੇ ਸੰਕਲਿਤ ਰੂਪ ਵਿੱਚ ਹੋਵੇ। ਸੰਕਲਿਤ ਸੂਚਨਾ ਸਾਨੂੰ ਪੁਸਤਕ ਸੂਚੀ ਜੁਟਾਉਂਦੀ ਹੈ। ਪੁਸਤਕ ਸੂਚੀ ਨਾਲ ਸੰਪੰਨ ਖੋਜ ਪ੍ਰਬੰਧ ਪਰੀਖਕ ਤੇ ਦੂਜੇ ਖੋਜ ਕਰਨ ਵਾਲਿਆਂ ਨੂੰ ਮੂਲ ਸ੍ਰੋਤ ਆਪ ਵਾਚ ਕੇ ਸੁਤੰਤਰ ਰੂਪ ਵਿੱਚ ਨਿਰਣਾ ਕਰਨ ਦੇ ਯੋਗ ਬਣਾਉਂਦਾ ਹੈ। ਇਹ ਉਸ ਖੇਤਰ ਵਿੱਚ ਕੰਮ ਕਰਨ ਵਾਲੇ ਹੋਰਨਾਂ ਵਿਅਕਤੀਆਂ ਨੂੰ ਵੀ ਪੜ੍ਹਨ ਯੋਗ ਪੁਸਤਕਾਂ ਦੀ ਇੱਕ ਪ੍ਰਮਾਣਿਕ ਸੂਚੀ ਜੁਟਾਉਂਦੀ ਹੈ। ਇਸ ਤਰ੍ਹਾਂ ਇਹ ਖੋਜ ਕਾਰਜ ਨੂੰ ਅੱਗੇ ਵਿਕਾਸ ਦਾ ਸਾਧਨ ਬਣਦੀ ਹੈ। ਇਸ ਤੋਂ ਇਕ ਹੋਰ ਬਹੁਤ ਜ਼ਰੂਰੀ ਕੰਮ ਵੀ ਲਿਆ ਜਾ ਸਕਦਾ ਹੈ। ਹਵਾਲਾ ਦੇਣ ਸਮੇਂ ਹਰੇਕ ਵਾਰ ਲੇਖਕ ਤੇ ਪੁਸਤਕ ਦੇ ਲੰਬੇ ਲੰਬੇ ਨਾਂ ਦੇਣ ਤੋਂ ਬਚਣ ਲਈ ਉਨ੍ਹਾਂ ਦੇ ਛੋਟੇ ਸੰਕੇਤਕ ਨਾਂ ਰੱਖੇ ਜਾ ਸਕਦੇ ਹਨ ਤੇ ਇਨ੍ਹਾਂ ਨੂੰ ਵਰਤਣ ਲਈ 'ਪੁਸਤਕ ਸੂਚੀ' ਦੀਆਂ ਸ਼ਰਤਾਂ ਉੱਪਰ ਜੋ ਲਿਖ ਕੇ ਸ਼ਰਤਾਂ ਨੂੰ ਇੱਕ ਪ੍ਰਕਾਰ ਦੀ ਕੁੰਜੀ ਬਣਾਇਆ ਜਾ ਸਕਦਾ ਹੈ। ਇਸ ਤਰ੍ਹਾਂ ਸਹਾਇਕ ਪੁਸਤਕ ਸੂਚੀ ਇਕ ਬੜਾ ਉਪਯੋਗੀ ਸੰਦ ਬਣ ਜਾਂਦੀ ਹੈ।

**ਦਰਜ ਕਰਨ ਯੋਗ ਸੂਚਨਾ** => ਪੁਸਤਕ ਸੂਚੀ ਨੂੰ ਸੰਪੂਰਨ ਤੇ ਉਪਯੋਗੀ ਬਣਾਉਣ ਲਈ ਹਰੇਕ ਪੁਸਤਕ ਬਾਰੇ ਹੇਠ ਲਿਖੀ ਸੂਚਨਾ ਦਾ ਅੰਕਿਤ ਜ਼ਰੂਰੀ ਹੈ।

1. ਪੁਸਤਕ ਕਰਤਾ ਜਾਂ ਲੇਖਕ ਦਾ ਨਾਂ।
2. ਪੁਸਤਕ ਦਾ ਸਿਰਲੇਖ।
3. ਜਿਲਦਾਂ।
4. ਸੰਪਾਦਿਤ, ਸੰਪਾਦਕ ਜਾਂ ਅਨੁਵਾਦਕ ਦਾ ਨਾਂ।
5. ਪ੍ਰਕਾਸ਼ਕ ਦਾ ਨਾਂ।
6. ਪ੍ਰਕਾਸ਼ਨ ਅਸਥਾਨ।
7. ਸੰਸਕਰਣ।
8. ਪ੍ਰਕਾਸ਼ਨ ਸਾਲ।
9. ਪੁਸਤਕਾਂ ਦੇ ਅਪ੍ਰਕਾਸ਼ਿਤ ਹੋਣ ਦੀ ਸੂਰਤ ਵਿੱਚ ਖਰੜੇ ਦਾ ਪ੍ਰਾਪਤੀ ਸਥਾ

my companion

**ਪੁਸਤਕ ਵਿਦਿਆ** => ਪੁਸਤਕ ਸੰਬੰਧੀ ਉਪਰਲੇ ਤੱਥਾਂ ਨੂੰ ਅਸੀਂ 'ਪੁਸਤਕ-ਵਿਦਿਆ' ਕਹਿ ਸਕਦੇ ਹਾਂ। ਜੇ ਸੰਖੇਪ ਵਿੱਚ ਗੱਲ ਕਰਨੀ ਹੋਵੇ, ਤਾਂ ਇਹ ਕਿਹਾ ਜਾ ਸਕਦਾ ਹੈ ਕਿ ਹਰੇਕ ਪੁਸਤਕ ਦੇ ਲੇਖਕ, ਉਸ ਦੇ ਸੰਗ੍ਰਹਿਕ ਤੇ ਉਸ ਦੇ ਇੰਪ੍ਰਿੰਟ ਬਾਰੇ ਜਾਣਕਾਰੀ ਜੁਟਾਉਣਾ ਪੁਸਤਕ ਸੂਚੀ ਦਾ ਮੁੱਖ ਧਰਮ ਹੈ। ਇੰਪ੍ਰਿੰਟ ਤੋਂ ਭਾਵ ਪੁਸਤਕ ਦੇ ਛਪਣ ਦੀ ਮਿਤੀ, ਪ੍ਰਕਾਸ਼ਨ ਅਸਥਾਨ ਤੇ ਪ੍ਰਕਾਸ਼ਨ ਸੰਬੰਧੀ ਵਿਦਿਆ ਹੈ। ਹੱਥ ਲਿਖਤ ਤੇ ਦੁਰਲੱਭ ਪੁਸਤਕਾਂ ਦੀ ਸੂਚੀ ਵਿੱਚ, ਉਹਨਾਂ ਦੇ ਪ੍ਰਾਪਤੀ ਸਥਾਨ ਦਾ ਵੀ ਉਲੇਖ ਕਰਨਾ ਪੈਂਦਾ ਹੈ ਤਾਂ ਜੋ ਲੋੜਵੰਦ ਨੂੰ ਪੁਸਤਕ ਲੱਭਣ ਵਿੱਚ ਔਕੜ (ਔਖ) ਨਾ ਆਵੇ।

**ਲੇਖਕ / ਰਚੈਤਾ** => ਪੰਜਾਬੀ ਵਿੱਚ ਸ਼ਬਦ 'ਲੇਖਕ' ਬੜੇ ਖੁੱਲ੍ਹੇ ਜਿਹੇ ਢੰਗ ਨਾਲ ਵਰਤਿਆ ਜਾਂਦਾ ਹੈ। ਇਹ ਪੁਸਤਕ ਦੇ ਰਚੈਤਾ ਦਾ ਸੂਚਕ ਹੈ ਤੇ ਅਨੇਕਾਂ ਦੇ ਹੱਥ ਸੰਪਾਦਕ ਅਤੇ ਅਨੁਵਾਦਕ ਲਈ ਵਰਤੇ ਜਾਣ ਦੀ ਵੀ ਰੀਤੀ ਰੱਖਦਾ ਹੈ। ਇਸੇ ਤਰ੍ਹਾਂ ਦਾ ਇੱਕ ਹੋਰ ਸ਼ਬਦ ਲਿਖਾਰੀ ਹੈ। ਪਾਕਿਸਤਾਨੀ ਅਦੀਬ ਲੇਖਕ ਲਈ ਲਿਖਾਰੀ ਸ਼ਬਦ ਵਰਤਦੇ ਹਨ। ਸਾਨੂੰ ਇਨ੍ਹਾਂ ਸ਼ਬਦਾਂ ਦੇ ਪਾਰਿਭਾਸ਼ਿਕ ਅਰਥ ਨਿਸ਼ਚਿਤ ਕਰ ਲੈਣੇ ਚਾਹੀਦੇ ਹਨ ਤੇ ਸਗੋਂ ਉਹਨਾਂ ਨੂੰ ਇਸ ਅਨੁਸ਼ਾਸਨ ਵਿੱਚ ਸਖਤੀ ਨਾਲ ਗ੍ਰਹਿਣ ਕਰਨਾ ਚਾਹੀਦਾ ਹੈ। ਇਸ ਲਈ ਅਸੀਂ ਸਿਫਾਰਿਸ਼ ਕਰਾਂਗੇ ਕਿ 'ਰਚੈਤਾ' ਅਤੇ 'ਕਰਤਾ' ਨੂੰ author ਦੇ ਅਰਥਾਂ ਵਿੱਚ ਲਿਆ ਜਾਵੇ, 'ਲੇਖਕ' ਖੁੱਲ੍ਹਾ ਵਰਤਿਆ ਰਚੈਤਾ, ਸੰਪਾਦਕ ਤੇ ਅਨੁਵਾਦਕ, ਤਿੰਨਾਂ ਦਾ ਸੂਚਕ ਮੰਨ ਲਿਆ ਜਾਵੇ ਤੇ ਲਿਖਾਰੀ ਤੇ ਲਿਖਾਰ ਨੂੰ Scribe ਦੇ ਅਰਥਾਂ ਵਿੱਚ ਲਿਆ ਜਾਵੇ। ਇਸ ਦਾ ਮਤਲਬ ਇਹ ਹੋਇਆ ਕਿ 'ਰਚੈਤਾ' ਮੌਲਿਕ ਰਚਨਾ ਕਰਨ ਵਾਲਾ ਹੋਵੇਗਾ ਤੇ ਲਿਖਾਰੀ ਲਿਪੀ ਉਤਾਰਾ ਕਰਨ ਵਾਲਾ ਇਹ ਚੀਜ਼ ਸੰਪਾਦਕ ਦਾ ਅਰਥ ਵੀ ਨਿਸ਼ਚਿਤ ਕਰ ਦੇਵੇਗੀ। ਉਹ ਮੌਲਿਕ ਲੇਖਕ ਨਹੀਂ ਮੰਨਿਆ ਜਾਵੇਗਾ, ਦੂਜਿਆਂ ਦੀਆਂ ਲਿਖਤਾਂ ਨੂੰ ਤਰਤੀਬ ਦੇਣ ਅਤੇ ਉਨ੍ਹਾਂ ਉਪਰ ਟੀਕਾ ਟਿੱਪਣੀ ਕਰਨ ਵਾਲਾ ਹੋਵੇਗਾ। ਇਸ ਤਰ੍ਹਾਂ ਸਿਰਨਾਵਾਂ ਰੂਪ ਵਿੱਚ ਉਸ ਦਾ ਸਥਾਨ ਗੌਣ ਰੂਪ ਦਾ ਹੋਵੇਗਾ, ਪ੍ਰਥਮ ਰੂਪ ਦਾ ਨਹੀਂ। ਇਹੋ ਹਾਲਤ ਅਨੁਵਾਦਕ ਦੀ ਹੈ, ਉਹ ਵੀ ਮੌਲਿਕ ਲੇਖਕ ਨਹੀਂ, ਗੌਣ ਲੇਖਕ ਹੋਵੇਗਾ।

**ਇੰਦਰਾਜ ਦੀ ਵਿਧੀ** => ਪੁਸਤਕ ਰਚੈਤਾ, ਸੰਪਾਦਕ ਤੇ ਅਨੁਵਾਦਕ ਬਾਰੇ

ਮੁਢਲਾ ਦਰਜ ਕੀਤੇ ਜਾਣ ਤੇ ਕ੍ਰਮ ਦਾ ਉਲੇਖ ਤਾਂ ਅਸੀਂ ਅੱਗੇ ਚਲ ਕੇ ਕਰਾਂਗੇ। ਇਥੇ ਅਸੀਂ ਕੇਵਲ ਇਕ ਵਿਸ਼ ਦਸਣਾ ਲੋਚਦੇ ਹਾਂ ਕਿ ਪ੍ਰਸਤੁਤ ਸੂਚੀ ਵਿਚ ਇਨ੍ਹਾਂ ਦਾ ਇੰਦਰਾਜ ਇਨ੍ਹਾਂ ਦੇ ਉਪਨਾਮ ਨਾਲ ਕੀਤਾ ਜਾਵੇਗਾ। ਜਿਥੇ ਉਪਨਾਮ ਨਾ ਹੋਵੇ, ਉਥੇ ਅਸਲ ਨਾਂ ਦਰਜ ਕ੍ਰਮ ਵਿਚ ਹੀ ਲਿਖ ਦਿੱਤਾ ਜਾਵੇਗਾ। ਉਦਾਹਰਨ ਵਜੋਂ, ਜੇ ਕੋਈ ਪੁਸਤਕ ਪਿਆਰਾ ਸਿੰਘ ਪਦਮ ਦੀ ਰਚੀ ਹੋਈ ਹੈ ਤਾਂ ਉਸ ਦੀ ਪੁਸਤਕ ਦੀ ਐਂਟਰੀ 'ਪਦਮ' ਪਿਆਰਾ ਸਿੰਘ ਦੇ ਨਾਂ ਹੇਠ ਆਵੇਗੀ। ਪਰ ਜੇ ਪੁਸਤਕ ਪ੍ਰੋ. ਪ੍ਰੀਤਮ ਸਿੰਘ ਦੀ ਲਿਖੀ ਹੋਈ ਹੈ ਤਾਂ ਉਸ ਦਾ ਇੰਦਰਾਜ 'ਪ੍ਰੀਤਮ ਸਿੰਘ' ਨਾ ਹੇਠ ਹੋਵੇਗਾ, ਭਾਵੇਂ ਅੰਗ੍ਰੇਜ਼ੀ ਵਿਚ 'ਸਿੰਘ' ਨੂੰ ਉਪਨਾਮ ਮੰਨ ਕੇ 'ਸਿੰਘ' ਪ੍ਰੀਤਮ ਲਿਖਣ ਦੀ ਪਰਿਪਾਟੀ ਵੀ ਹੈ, ਪਰ ਪੰਜਾਬੀ ਵਿਚ ਇਸ ਤੋਂ ਹੱਟਣਾ ਪਵੇਗਾ। ਦੂਸਰੇ, ਇਕ ਗੱਲ ਵੀ ਪੱਲੇ ਬੰਨ੍ਹ ਲੈਣੀ ਜ਼ਰੂਰੀ ਹੈ ਕਿ ਆਦਰ ਸੂਚਕ ਸ਼ਬਦ ਜਿਵੇਂ ਭਾਈ, ਬਾਬਾ, ਸਰਦਾਰ, ਪ੍ਰੋਫੈਸਰ, ਗਿਆਨੀ, ਡਾਕਟਰ, ਆਚਾਰਯ, ਸ੍ਰੀਮਤ ਸਵਾਮੀ, ਗੁਰੂ ਆਦਿ ਨਾ ਨਾਲ ਦਰਜ ਨਹੀਂ ਕੀਤੇ ਜਾਣਗੇ, ਸਗੋਂ ਛੱਡ ਦਿੱਤੇ ਜਾਣਗੇ ਹਨ। ਜੇ ਅਸੀਂ ਵਰਤਣ ਤੇ ਬਜ਼ਿੱਦ ਹੀ (ਜਾਣਗੇ, ਸਗੋਂ ਛੱਡ ਦਿੱਤੇ ਜਾਣਗੇ ਹਨ।) ਹੋਈਏ ਤਾਂ ਇਨ੍ਹਾਂ ਨੂੰ ਨਾਂ ਦੇ ਪਿੱਛੇ ਕੌਮਾ ਪਾ ਕੇ ਵਰਤਿਆ ਜਾਵੇਗਾ। ਜਿਵੇਂ ਵੀਰ ਸਿੰਘ, ਭਾਈ; ਨਾਨਕ, ਗੁਰੂ; ਦਯਾਨੰਦ, ਸਵਾਮੀ।

ਸ਼ੀਰਸ਼ਕ => 'ਸ਼ੀਰਸ਼ਕ' ਅੰਗਰੇਜ਼ੀ ਪਦ Title ਦਾ ਪੰਜਾਬੀ ਵਿਚ ਪਰਯਾਇਵਾਚੀ ਹੈ। ਪੁਸਤਕ ਨੂੰ ਸ਼ੀਰਸ਼ਕ ਦੇਣ ਦਾ ਰਿਵਾਜ ਛਾਪੇ ਦੇ ਦੌਰ ਵਿਚ ਆਉਣ ਨਾਲ ਚਲਿਆ। ਸੱਚ ਪੁੱਛੋ ਤਾਂ ਆਧੁਨਿਕ ਪੁਸਤਕ ਦਾ ਸਰੂਪ ਸ਼ੀਰਸ਼ਕ ਪਾ ਕੇ ਬਣਿਆ ਹੈ। ਪਹਿਲਾਂ ਪੁਸਤਕ ਨੂੰ ਕੋਈ ਸਿਰ-ਉਘੜਵੇਂ ਦੇਣ ਦਾ ਰਿਵਾਜ ਨਹੀਂ ਸੀ ਹੁੰਦਾ, ਮੂਲ ਪਾਠ ਦੇ ਆਰੰਭ ਵਿਚ ਹੀ ਜਾਂ ਅੰਤ ਤੇ ਪੁਸਤਕ ਦੇ ਨਾਮ ਬਾਰੇ ਸੰਕੇਤ ਕਰ ਦਿੱਤਾ ਜਾਂਦਾ ਸੀ। ਪੁਸਤਕ ਦਾ ਛਾਪਣਾ ਤੇ ਵੇਚਣਾ ਵਪਾਰਕ ਰੂਪ ਵਿਚ ਚਲ ਪੈਣ ਨਾਲ ਨਾ ਕੇਵਲ ਸ਼ੀਰਸ਼ਕ ਦੇਣ ਦਾ ਰਿਵਾਜ ਚਲ ਪਿਆ, ਸਗੋਂ ਪ੍ਰਕਾਸ਼ਕ, ਮੁਦ੍ਰਕ, ਪ੍ਰਕਾਸ਼ਨ-ਮਿਤੀ, ਜਿਲਦ, ਸੈਂਚੀ, ਸੰਸਕਰਣ, ਪੁਸਤਕ ਦੇ ਮੁੱਲ, ਰਾਇਲਟੀ ਆਦਿ ਬਾਰੇ ਵੀ ਵੇਰਵਾ ਦੇਣ ਦੀ ਪ੍ਰਥਾ ਚਲ ਪਈ। ਇਸ ਤਰ੍ਹਾਂ ਸੂਚਨਾ ਨੂੰ ਟਾਈਟਲ ਵਾਲੇ ਪੰਨੇ ਦੇ ਪਿੱਛੇ ਦੇਣ ਦਾ ਵਿਧਾਨ ਹੈ। ਪ੍ਰਕਾਸ਼ਨ ਉਦਯੋਗ ਵਿਚ ਪ੍ਰਕਾਸ਼ਕ ਤੇ ਮੁਦ੍ਰਕ ਬਾਰੇ ਸੂਚਨਾ ਨੂੰ ਇੰਪ੍ਰਿੰਟ ਲਾਈਨ (Imprint line) ਕਹਿ ਕੇ ਨਿਵਾਜਿਆ ਜਾਂਦਾ ਹੈ।

**ਸ਼ੀਰਸ਼ਕ ਦਾ ਇਤਿਹਾਸ** => ਪੁਸਤਕ ਦੀ ਸ਼ੀਰਸ਼ਕ ਰਚੈਤਾ / ਲੇਖਕ ਦੇ ਨਾਂ ਦੇ ਠੀਕ ਪਿੱਛੇ ਰੇਖਾਂ ਪਾ ਦਿੱਤਾ ਜਾਂਦਾ ਹੈ ਤੇ ਇਸ ਦੇ ਹੇਠਾਂ ਲਕੀਰ ਲਗਾਈ ਜਾਂਦੀ ਹੈ। ਜਿਸ ਦਾ ਭਾਵ ਇਹ ਹੈ ਕਿ ਪ੍ਰੈਸ ਵਿੱਚ ਜਾ ਕੇ ਇਸ ਨੇ ਟੇਢੇ ਅੱਖਰਾਂ ਵਿੱਚ ਬਦਲ ਜਾਣਾ ਹੈ। ਪੁਸਤਕ ਸੂਚੀ ਵਿੱਚ ਮੁੱਖ ਸ਼ੀਰਸ਼ਕ ਦੇ ਨਾਲ ਅਧੀਨ ਸ਼ੀਰਸ਼ਕ ਵੀ (ਜੇ ਹੋਵੇ ਤਾਂ) ਇਸੇ ਵਿਧੀ ਅਨੁਸਾਰ, ਅਰਥਾਤ ਟੇਢੇ ਅੱਖਰਾਂ ਵਿੱਚ ਦਿੱਤਾ ਜਾਂਦਾ ਹੈ। ਆਧੁਨਿਕ ਪ੍ਰਕਾਸ਼ਨ ਉਦਯੋਗ ਜਾਂ ਕਈ ਵਾਰੀ ਪੁਸਤਕ ਦਾ ਲੇਖਕ ਆਪ ਆਪਣੇ ਖਰਚਾਂ ਨੂੰ ਪੂਰਾ ਕਰਨ ਲਈ ਪੁਸਤਕ ਦਾ ਸ਼ੀਰਸ਼ਕ ਦੋ ਭਿੰਨ ਭਾਸ਼ਾ ਤੇ ਛਾਪ ਪਾ ਕੇ ਦੇਂਦੇ ਹਨ। ਡਾ. ਮੋਹਨ ਸਿੰਘ ਉਬਰਾਏ (ਦੀਵਾਨਾ) ਦੀ ਇਕ ਪੁਸਤਕ ਦਾ ਸ਼ੀਰਸ਼ਕ ਜਿਲਦ ਉਪਰ ਅੰਗਰੇਜ਼ੀ ਵਿੱਚ Punjabi Language and Prosody ਦਿੱਤਾ ਹੋਇਆ ਹੈ।

**ਜਿਲਦ / ਸੈਂਚੀਆ** => ਪੁਸਤਕ ਬਾਰੇ ਤੱਥਾਂ ਦਾ ਇਕ ਜ਼ਰੂਰੀ ਅੰਗ ਪੁਸਤਕ ਦੀਆਂ ਜਿਲਦਾਂ, ਸੈਂਚੀਆਂ ਜਾਂ ਭਾਗ ਬਾਰੇ ਵਿਵਰਣ ਹੈ। ਜੇ ਪੁਸਤਕ ਦੇ ਭਿੰਨ ਭਾਗ ਵਿੱਚ ਜਾਂ ਇਕ ਤੋਂ ਵੱਧ ਜਿਲਦ / ਸੈਂਚੀਆ ਵਿੱਚ ਛਪੀ ਹੋਈ ਹੈ, ਤਾਂ ਇਸ ਬਾਰੇ ਲੋੜੀਂਦੀ ਜਾਣਕਾਰੀ ਦੇਣੀ ਬਣਦੀ ਹੈ।

**ਸੰਸਕਰਣ** => ਸੰਸਕਰਣ / ਐਡੀਸ਼ਨ ਪੁਸਤਕ ਸੰਬੰਧੀ ਤੱਥਾਂ ਵਿਚ ਹੋਰ ਮਹੱਤਵਪੂਰਨ ਅੰਗ ਹੈ। ਪੁਸਤਕ ਦੇ ਕਰਤਾ ਦਾ ਆਪਣੀ ਰਚਨਾ ਨੂੰ ਸੋਧਣ ਦਾ ਯਤਨ ਨਿਰੰਤਰ ਚਲਦਾ ਰਹਿੰਦਾ ਹੈ। ਉਹ ਪਹਿਲੇ ਸੰਸਕਰਣ ਵਿੱਚ ਰਹਿ ਗਈਆਂ ਭੁੱਲਾਂ ਨੂੰ ਸੋਧਦਾ, ਨਵੀਂ ਮਿਲੀ ਸੂਚਨਾ ਦੁਆਰਾ ਸਾਮਗਰੀ ਨੂੰ ਨਵੇਂ ਸਿਰਿਓਂ ਤਰਤੀਬ ਦੇਂਦਾ, ਹਰ ਸੰਸਕਰਣ ਨੂੰ ਬਦਲਦਾ ਚਲਿਆ ਜਾਂਦਾ ਹੈ। ਫਲਸਰੂਪ ਪੁਸਤਕ ਦਾ ਹਰੇਕ ਸੰਸਕਰਣ ਪਹਿਲੇ ਨਾਲੋਂ ਫਰਕ ਪਾ ਜਾਂਦਾ ਹੈ। ਇਹ ਗੱਲ ਪੁਸਤਕ ਦੇ ਸੰਸਕਰਣ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਬਣਾ ਦੇਂਦੀ ਹੈ, ਇਸ ਤੋਂ ਬਿਨਾਂ ਕਿਸੀ ਗੱਲ ਦੀ ਪੜਤਾਲ ਕਰਨੀ ਹੋ ਸਕਦੀ ਤੇ ਨਾ ਹੀ ਪਾਠਕਾਂ ਨੂੰ ਪਤਾ ਲਗ ਸਕਦਾ ਹੈ ਕਿ ਸੰਬੰਧਿਤ ਲੇਖਕ ਦੀ ਅੰਤਿਮ ਲਿਖਤ ਕਿਹੜੀ ਹੈ, ਚੇਤੇ ਰਹੇ ਕਿ ਪੁਸਤਕ ਦਾ ਸੰਸਕਰਣ ਇਕ ਹੀ ਹੋਣ ਦੀ ਸੂਰਤ ਵਿੱਚ ਸੰਸਕਰਣ ਦੇਣਾ ਜ਼ਰੂਰੀ ਨਹੀਂ, ਪਰ ਵੱਧ ਹੋਣ ਦੀ ਸੂਰਤ ਵਿੱਚ ਸੰਸਕਰਣ ਦਾ ਉਲੇਖ ਕਰਨਾ ਜ਼ਰੂਰੀ ਹੈ। ਸੰਸਕਰਣ ਦਾ ਨਾਂ ਲਿਖਿਆ ਹੋਣਾ, ਪਹਿਲੇ ਸੰਸਕਰਣ ਦਾ ਸੂਚਕ ਹੁੰਦਾ ਹੈ।

**ਸੰਸਕਰਣ ਤੇ ਪੁਨਰ ਛਾਪ** => ਵਿਤਰਕੇ ਭੇਦ ਨੂੰ ਵੀ ਸਮਝ ਲੈਣਾ ਚਾਹੀਦਾ ਹੈ। ਪੁਨਰ-ਛਾਪ ਪਹਿਲਾ ਲਿਖੇ ਸੰਸਕਰਣ ਦਾ ਰੂਪ ਉਤਾਰਾ ਹੈ ਤੇ ਉਸ ਵਿੱਚ ਸਿਵਾਇ ਛਾਪੇ ਦੀਆਂ ਭੁੱਲਾਂ ਸੋਧਣ ਦੇ, ਹੋਰ ਕੋਈ ਤਬਦੀਲੀ ਕੀਤੀ ਹੋਈ ਨਹੀਂ ਹੁੰਦੀ। ਇਸ ਲਈ ਉਪਰੋਕਤ ਦੇ ਮੁਕਾਬਲੇ ਤੇ ਪੁਨਰ-ਛਾਪ ਮਹੱਤਵਪੂਰਨ ਨਹੀਂ, ਸੰਸਕਰਣ ਮਹੱਤਵਪੂਰਨ ਹੁੰਦਾ ਹੈ, ਤਾਂ ਵੀ ਪੁਨਰ-ਛਾਪ ਦਾ ਉਲੇਖ ਕਰ ਦੇਣਾ ਬਣਦਾ ਹੈ। ਇਸ ਬਿਨਾਂ ਪ੍ਰਕਾਸ਼ਕ ਲੱਭਿਆ ਨਹੀਂ ਜਾ ਸਕਦਾ। ਕਈ ਵਿਦਵਾਨ ਤਾਂ ਪ੍ਰਕਾਸ਼ਨ ਸਥਾਨ ਤੇ ਛਾਪਣ ਮਿਤੀ ਸਾਲ ਦੇ ਕੇ ਪੁਸਤਕ ਬਾਰੇ ਦਿੱਤੀ ਜਾਣ ਵਾਲੀ ਸੂਚਨਾ ਮੁਕੰਮਲ ਹੋ ਗਈ ਸਮਝ ਲੈਂਦੇ ਹਨ। ਪਰ ਇਹ ਠੀਕ ਨਹੀਂ: ਪ੍ਰਕਾਸ਼ਕ ਫਰਮ ਜਾਂ ਵਿਅਕਤੀ ਨੂੰ ਮੁਕੰਮਲ ਪਤਾ ਲਈ ਜਿੰਨੀ ਕੁ ਸੂਚਨਾ ਕੰਪਨੀ ਦਾ ਨਾਂ ਸ਼ਹਿਰ ਆਦਿ ਦੇਣੀ ਜ਼ਰੂਰੀ ਹੈ ਉਹ ਹਰ ਹਾਲਤ ਵਿੱਚ ਦੇਣੀ ਚਾਹੀਦੀ ਹੈ।

**ਸੰਪਾਦਕ ਤੇ ਅਨੁਵਾਦਕ** => ਜਿਹੜੀ ਪੁਸਤਕ ਮੂਲ ਤਾਂ ਕਿਸੇ ਹੋਰ ਦੁਆਰਾ ਲਿਖੀ ਹੈ, ਪਰ ਸੰਪਾਦਿਤ ਕਿਸੇ ਹੋਰ ਦੇ ਹੱਥੋਂ ਹੋ ਕੇ ਪਾਠਕਾਂ ਸਾਹਮਣੇ ਆਈ ਹੈ, ਉਸ ਦੀ ਹਾਲਤ ਵਿੱਚ ਉਸ ਦੇ ਸੰਪਾਦਕ ਤੇ ਅਨੁਵਾਦਕ ਦਾ ਵੇਰਵਾ ਵੀ ਪੁਸਤਕ ਸੂਚੀ ਦਾ ਅੰਗ ਬਣੇਗਾ। ਇਨ੍ਹਾਂ ਨੂੰ ਨਾਵਾਂ ਨੂੰ ਦਰਜ ਕਰਨ ਵਿੱਚ ਉਠਦੀਆਂ ਸਮੱਸਿਆਵਾਂ ਤੇ ਉਨ੍ਹਾਂ ਨੂੰ ਹੱਲ ਕਰਨ ਦਾ ਢੰਗ ਅੱਗੇ ਚੱਲ ਕੇ ਸਪਸ਼ਟ ਕੀਤਾ ਜਾਵੇਗਾ।

**ਪ੍ਰਕਾਸ਼ਕ** => ਪੁਸਤਕ ਦਾ ਪ੍ਰਕਾਸ਼ਕ ਵਿਅਕਤੀ ਹੋ ਸਕਦਾ ਹੈ, ਫਰਮ ਹੋ ਸਕਦੀ ਹੈ, ਤੇ ਕੋਈ ਵਿਦਿਅਕ ਅਦਾਰਾ ਵੀ ਹੋ ਸਕਦਾ ਹੈ। ਉਸ ਦਾ ਵੇਰਵਾ ਪੁਸਤਕ ਦੇ ਸਿਰਲੇਖ ਵਾਲੇ ਪੰਨੇ ਜਾਂ ਫਿਰ (ਇੰਪ੍ਰਿੰਟ) 'ਇੰਪ੍ਰਿੰਟ ਲਾਈਨ' ਵਾਲੇ ਪੰਨੇ ਤੋਂ ਲੈ ਕੇ ਉਸੇ ਤਰ੍ਹਾਂ ਦਿੱਤਾ ਜਾਵੇਗਾ, ਜਿਵੇਂ ਕਿ ਇਹ ਉਥੇ ਦਿੱਤਾ ਹੋਇਆ ਹੈ, ਤਾਂ ਬਹੁਤ ਪ੍ਰਸਿੱਧ ਪ੍ਰਕਾਸ਼ਕਾਂ ਦੀ ਹਾਲਤ ਵਿੱਚ ਮਕਲਨ, ਲੌਂਗਮਨ, ਗਸੀ, ਚੇਤਰ, ਮਾਰਕਿਟ ਆਦਿ ਦਾ ਵਾਧੂ ਸ਼ਿਰ ਵੇਰਵਾ ਛੱਡਿਆ ਜਾ ਸਕੇਗਾ, ਪਰ ਘੱਟ ਪ੍ਰਸਿੱਧ ਪ੍ਰਕਾਸ਼ਕਾਂ ਦੀ ਹਾਲਤ ਵਿੱਚ ਦੇਣਾ ਪਏਗਾ, ਕਿਉਂ ਜੋ ਨਾ ਦਿੱਤੇ ਜਾਣ ਦੀ ਸੂਰਤ ਵਿੱਚ ਪੁਸਤਕ ਹਾਸਲ ਕਰਨ ਦੀ ਸਮੱਸਿਆ ਬਣੀ ਰਹੇਗੀ।

**ਪ੍ਰਵਾਸਨ ਅਸਥਾਨ** ⇒ ਪ੍ਰਵਾਸਨ ਅਸਥਾਨ ਪ੍ਰਵਾਸ ਦੇ ਪਿਛੋਕੜ ਨਾਲ ਆਏਗਾ ਜੀ। ਇਸ ਲਈ ਇਸ ਬਾਰੇ ਹੋਰ ਦੱਸਣ ਲਿਖਣ ਦੀ ਲੋੜ ਨਹੀਂ।

**ਪ੍ਰਵਾਸਨ ਸਾਲ ਮਿਤੀ** ⇒ ਪ੍ਰਸਤਰ ਉੱਤੇ ਦਿੱਤੀ ਪ੍ਰਵਾਸਨ ਮਿਤੀ ਪ੍ਰਸਤਰ ਦੇ ਨਵੇਂ ਪ੍ਰਗਟ ਹੋਣ ਦੀ ਸੂਚਕ ਹੁੰਦੀ ਹੈ। ਪ੍ਰਸਤਰ ਲਿਖੇ ਜਾਣ ਸੰਬੰਧੀ ਲੋੜੀਂਦੀ ਸੂਚਨਾ ਦੇ ਆਧਾਰ ਵਿੱਚ ਇਹ ਪ੍ਰਸਤਰ ਦੇ ਸੂਚਨਾ ਦਾਰ ਨਾਲ ਇਕਮਿਕ ਮੰਨੀ ਜਾਂਦੀ ਹੈ। ਇਹ ਖਿਆਲ ਕੀਤਾ ਜਾਂਦਾ ਹੈ ਕਿ ਪ੍ਰਸਤਰ ਲਿਖੇ ਜਾਣ ਦੇ ਛੇਤੀ ਛਪ ਗਈ। ਪ੍ਰਵਾਸਨ ਮਿਤੀ ਪ੍ਰਸਤਰ ਨੂੰ ਉਸ ਦੇ ਹੋਰ ਪ੍ਰਸੰਗ ਵਿੱਚ ਰਖ ਕੇ ਵਾਰਤਾਲਾਪ ਬਣਾਉਂਦੀ ਹੈ ਤੇ ਉਸ ਦੇ ਤਰਤੀਬਵਾਰ ਹੋਣ ਸੰਬੰਧੀ ਗਇ ਬਣਾਣ ਵਿੱਚ ਮਦਦ ਕਰਦੀ ਹੈ। ਸਾਹਿਤ ਇਤਿਹਾਸ ਲਿਖਣ ਸਮੇਂ ਤਾਂ ਇਸ ਬਿਨਾਂ ਗੱਲ ਚਲਦੀ ਹੀ ਨਹੀਂ। ਉਂਞ ਪ੍ਰਸਤਰ ਲਿਖੇ ਜਾਂ ਪਹਿਲੀ ਵਾਰੀ ਛਾਪੇ ਜਾਣ ਦੀ ਮਿਤੀ ਨਾਲ ਸਮੇਂ ਬਾਬਤ ਦੀ ਜਾਣਕਾਰੀ ਉਸੀ ਵਾਂਗ ਹੁੰਦੀ ਹੈ ਤੇ ਇਹ ਸੋ ਫ਼ਤਨ ਕਰਦੇ ਹੀ ਲੱਭਣੀ ਪੈਂਦੀ ਹੈ। ਇਸ ਸੰਬੰਧੀ ਸਾਡੇ ਕੋਲ ਨਵੇਂ ਪ੍ਰਗਟੇ ਪ੍ਰਵਾਸਨ ਦੇ ਖੋਜਕਾਰਾਂ ਦਾ ਕੰਮ ਸੌਖਾ ਬਣਾਇਆ ਹੋਇਆ ਹੈ। ਉਹ ਪ੍ਰਸਤਰ ਨੂੰ ਨਵਾਂ ਲੱਗਿਆ ਰੱਖਣ ਲਈ ਛਾਪਣ ਮਿਤੀ/ਸਾਲ ਦੇਣ ਦੀ ਖੇਚਲ ਹੀ ਨਹੀਂ ਕਰਦੇ, ਨਾ ਹੀ ਮੁਖਬੰਧ ਵਿੱਚ ਤਰੀਖ ਦੇਣ ਦੀ ਲੋੜ ਸਮਝਦੇ ਹਨ। ਇਸ ਲਈ ਪ੍ਰਸਤਰ ਦੇ ਲਿਖੇ ਜਾਣ ਦੀ ਤਿੱਥ ਜਾਂ ਇਸ ਦੇ ਪਹਿਲੀ ਵਾਰੀ ਛਾਪਣ ਜਾਣ ਦਾ ਪਤਾ ਕਠਨ ਹੈ। ਸਿਰਜੀਨ ਪ੍ਰਸਤਰ ਦਾ ਸਮਾ ਨਿਸ਼ਚਿਤ ਕਰਨਾ ਸੰਪਾਦਨ ਕਲਾ ਦੀ ਇਕ ਵੱਡੀ ਸਮੱਸਿਆ ਹੈ। ਗੱਲ ਦੀ ਪੱਕੀ ਆਸੀ ਦੇਵਲ ਇਹ ਫ਼ਿਕਰ ਕਰਨਾ ਹੈ ਕਿ ਤਾਰੀਖ ਕੱਲੀ ਮਿਤੀ ਜੋਗਸ ਪ੍ਰਕਾਸ਼ ਵਿੱਚ ਪ੍ਰਸਤਰਸੂਚੀ ਵਿੱਚ ਉਸ ਲਈ ਨਿਯਤ ਥਾਂ ਤੇ ਦਿੱਤੀ ਜਾਵੇਗੀ ਤੇ ਇਸ ਦਾ ਮਤਲਬ ਇਹ ਹੋਵੇਗਾ ਕਿ ਇਹ ਤੁਸਾਂ ਆਪ ਲੋੜ ਦੇ ਦਿੱਤੀ ਹੈ, ਪ੍ਰਸਤਰ ਵਿੱਚ ਮੌਜੂਦ ਨਹੀਂ ਸੀ। ਜੇ ਤੁਸੀਂ ਪ੍ਰਸਤਰ ਲਿਖਣ ਜਾਂ ਛਾਪਣ ਦੀ ਦੇਣੀ ਬਾਰੇ ਤਰੀਖ ਨਿਰਧਾਰਿਤ ਕਰ ਸਕੇ ਤਾਂ ਮਿਤੀ ਵਾਲੀ ਥਾਂ ਤੇ ਸਿਰਜੀਨ ਲਿਖ ਦੇਣਾ ਜ਼ਰੂਰੀ ਹੋਵੇਗਾ। ਇਸ ਸੂਚਨਾ ਦੇਣ ਨਾਲ ਤੁਸੀਂ ਇਹ ਦੱਸ ਰਹੇ ਹੋਵੋਗੇ ਕਿ ਮਿਤੀ ਲੱਭਣੀ ਤੁਸੀਂ ਭੁੱਲੇ ਨਹੀਂ, ਉਸ ਪ੍ਰਸਤਰ ਵਿੱਚ ਦਿੱਤੀ ਹੋਈ ਹੀ ਨਹੀਂ ਸੀ।

**<u>ਅਪ੍ਰਕਾਸ਼ਿਤ ਖਰੜੇ / ਸ੍ਰੋਤ</u>** => ਪ੍ਰਸਤਕ ਦੇ ਅਪ੍ਰਕਾਸ਼ਿਤ ਹੋਣ ਦੀ ਸੂਰਤ ਵਿੱਚ ਉਸ ਦਾ ਵਰਤਣਾ ਸੰਭਵ ਬਣਾਉਣ ਲਈ ਉਸ ਦਾ ਪ੍ਰਾਪਤੀ-ਸਥਾਨ ਦੱਸਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਇਸ ਸੂਰਤ ਵਿੱਚ ਪ੍ਰਕਾਸ਼ਕ ਤਾਂ ਹੁੰਦਾ ਨਹੀਂ, ਸੋ ਇਹ ਪਤਾ ਕਰੀਏ ਕਿ ਇਹ ਸੂਚਨਾ ਕਿੱਥੋਂ ਆਈ ਹੈ, ਫਲਸਰੂਪ ਖਰੜੇ ਦੇ ਮਾਲਕ ਦਾ ਨਾਂ ਤੇ ਪਤਾ ਪੂਰਾ ਲਿਖਣਾ ਬਣਦਾ ਹੈ।